**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

**ਸੇਵਾ ਵਿਖੇ**

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)

ਮੀਮੋ ਨੰ ਐਮਡੀਐਮ/2189-2228
ਮਿਤੀ ਚੰਡੀਗੜ੍ਹ 20 ਮਈ, 2010

**ਵਿਸ਼ਾ** **ਮਿਡ-ਡੇ-ਮੀਲ ਸਕੀਮ ਤਹਿਤ ਪ੍ਰਾਪਤ ਹੋਏ ਫੰਡਾਂ ਨੂੰ ਸਕੂਲਾਂ ਤੀਕ ਪਹੁੰਚਾਉਣ ਬਾਰੇ।**

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰ. ਐਮਡੀਐਮਸੀ/ਐਮਐਫਏ/09/2403-8442 ਮਿਤੀ 15.10.2009 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਪਿਛਲੇ ਦਿਨੀਂ ਮਿਡ-ਡੇ-ਮੀਲ ਸਕੀਮ ਦੇ ਰਿਵਯੂ ਦੌਰਾਨ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਬਹੁਤ ਸਾਰੇ ਸਕੂਲਾਂ ਦੇ ਵਿੱਚ ਮੁੱਖ ਦਫਤਰ ਵੱਲੋਂ ਜਿਲ੍ਹਿਆਂ ਨੂੰ ਕੁਕਿੰਗ ਕਾਸਟ ਦੇ ਪੈਸੇ ਮੁਹੱਈਆ ਕਰਵਾਉਣ ਦੇ ਬਾਵਜੂਦ ਇਹ ਪੈਸੇ ਅੱਗੇ ਸਕੂਲਾਂ ਨੂੰ ਨਹੀਂ ਪਹੁੰਚਾਏ ਜਾਂਦੇ। ਇਸ ਦਾ ਇੱਕ ਕਾਰਣ ਇਹ ਵੀ ਦੱਸਿਆ ਗਿਆ ਹੈ ਕਿ ਸਕੂਲਾਂ ਨੂੰ ਇਹ ਪੈਸੇ ਚੈੱਕ ਰਾਹੀਂ ਭੇਜਣ ਦੀ ਥਾਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਅਤੇ ਸੈਕੰਡਰੀ ਸਾਈਡ ਤੇ ਬਣਾਏ ਕਲਸਟਰਾਂ ਰਾਹੀਂ ਭੇਜੇ ਜਾਂਦੇ ਹਨ। ਇਹ ਗੱਲ ਸਪੱਸ਼ਟ ਹੈ ਕਿ ਕਲਸਟਰ ਇਨਚਾਰਜਾਂ ਵੱਲੋਂ ਅੱਗੇ ਪੈਸੇ ਭੇਜਣ ਵਿੱਚ ਜਰੂਰ ਹੀ ਸਮਾਂ ਲੱਗ ਜਾਵੇਗਾ। ਇਸ ਮੁੱਦੇ ਨੂੰ ਜ਼ਿਲ੍ਹਾ ਸਿੱਖਿਆ ਅਫਸਰਾਂ ਦੀ ਮੀਟਿੰਗ ਵਿੱਚ ਵੀ ਵਿਚਾਰਿਆ ਗਿਆ ਸੀ ਅਤੇ ਇਹ ਫੈਸਲਾ ਕੀਤਾ ਗਿਆ ਸੀ ਕਿ ਜ਼ਿਲ੍ਹਾ ਸਿੱਖਿਆ ਅਫਸਰਾਂ (ਸੈ.ਸਿ.) ਅਤੇ (ਐ.ਸਿ.) ਦੇ ਦਫਤਰ ਵਿੱਚੋਂ ਹੀ ਸਕੂਲਾਂ ਦੇ ਨਾਂ ਤੇ ਚੈੱਕ ਬਣਾਏ ਜਾਣ ਭਾਵੇ ਇਸ ਕੰਮ ਲਈ ਕੁੱਝ ਸਹਾਇਕ ਬਲਾਕ ਮੈਨੇਜਰਾਂ ਨੂੰ ਦੋ ਤਿੰਨ ਦਿਨਾਂ ਲਈ

ਜ਼ਿਲ੍ਹਾ ਸਿੱਖਿਆ ਦਫਤਰ ਵਿਖੇ ਬੁਲਾਉਣ ਦੀ ਲੋੜ ਪੈਂਦੀ ਹੈ ਤਾਂ ਬੁਲਾ ਲਿਆ ਜਾਵੇ ਪ੍ਰੰਤੂੰ ਇਹ ਚੈੱਕ ਸਕੂਲਾਂ ਦੇ ਨਾਂ ਜਿ.ਸਿ.ਅ. ਦਫਤਰ ਤੋ ਹੀ ਜਾਰੀ ਕੀਤੇ ਜਾਣੇ। ਚਾਹੀਦੇ ਹਨ।

3.0 ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿੱਥੇ ਕਿਤੇ ਇਹ ਪੈਸੇ ਇਲੈਕਟ੍ਰਾਨਿਕ ਟ੍ਰਾਂਸਫਰ ਕਰਨ ਦੀ ਸੁਵਿਧਾ ਉਪਲਬਧ ਹੋਵੇ, ਉੱਥੇ ਚੈੱਕ ਕੱਟਣ ਦੀ ਲੋੜ ਨਹੀਂ ਹੈ ਅਤੇ ਇਹ ਪੈਸੇ ਇਲੈਕਟ੍ਰਾਨਿਕ ਟ੍ਰਾਂਸਫਰ ਕਰਕੇ ਸਬੰਧਤ ਸਕੂਲ ਮੁੱਖੀਆਂ ਦੀ ਈ-ਮੇਲ ਰਾਹੀਂ ਪੱਤਰ ਭੇਜ ਕੇ ਸੂਚਿਤ ਕਰ ਦਿੱਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਇਸ ਬਾਰੇ ਪਤਾ ਲੱਗ ਸਕੇ।

4.0 ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਨਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ